# ਪੰਜਾਬੀ ਯੂਨੀਵਰਸਿਟੀ, ਪਟਿਆਲਾ।

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

[ਕਾਲਜ ਸੈਕਸ਼ਨ]

ਨੰ.: 2075 / ਨ-5

ਮਿਤੀ: 23/07/2025

**ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਸਮੂਹ**
**ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ/ਚੇਅਰਮੈਨ ਸਾਹਿਬਾਨਾਂ ਨੂੰ**

**ਵਿਸ਼ਾ: ਬੀ.ਐੱਡ. ਦੇ ਕੋਰਸ ਦੌਰਾਨ ਹੋਣ ਵਾਲੀ ਟੀਚਿੰਗ ਪ੍ਰੈਕਟਿਸ ਸੰਬੰਧੀ।**

ਅੱਜ ਦੇ ਵਿਦਿਆਰਥੀ ਦੇਸ਼ ਦੇ ਭਵਿੱਖ ਦੀ ਪੂੰਜੀ ਹਨ ਅਤੇ ਉਹਨਾਂ ਦੇ ਸਰਵ-ਪੱਖੀ ਵਿਕਾਸ ਲਈ Teacher Education ਇਕ ਮਹੱਤਵਪੂਰਨ ਪਹਿਲੂ ਹੈ, ਕਿਉਂਕਿ ਮਾਂ-ਬਾਪ ਤੋਂ ਬਾਅਦ ਇਕ ਅਧਿਆਪਕ ਹੀ ਬੱਚੇ ਦੇ ਜੀਵਨ ਤੇ ਵੱਡਾ ਪ੍ਰਭਾਵ ਪਾਉਂਦਾ ਹੈ। ਇਸ ਲਈ ਅਧਿਆਪਕਾਂ ਦੇ ਸਿਖਲਾਈ ਪ੍ਰੋਗਰਾਮਾਂ ਦੀ ਉੱਚ ਗੁਣਵੱਤਾ ਨੂੰ ਕਾਇਮ ਰੱਖਣਾ ਸਮੂਹ ਯੂਨੀਵਰਸਿਟੀਆਂ ਅਤੇ ਐਜੂਕੇਸ਼ਨ ਕਾਲਜਾਂ ਦੀ ਸਾਂਝੀ ਜਿੰਮੇਵਾਰੀ ਹੈ।

ਉਕਤ ਦੀ ਲੋਅ ਵਿਚ ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਹ ਬੀ.ਐੱਡ. ਕੋਰਸ ਦੌਰਾਨ ਹੋਣ ਵਾਲੀ ਸਕੂਲ ਇੰਟਰਨਸ਼ਿਪ ਬਾਬਤ ਸੁਨਿਸ਼ਚਿਤ ਕਰਨ ਕਿ ਉਹ ਐੱਨ.ਸੀ.ਟੀ.ਈ. ਵੱਲੋਂ 2014 ਵਿਚ ਜਾਰੀ ਨਿਯਮਾਂ ਦੀ ਅੰਤਿਕਾ 4 (URL: https://ncte.gov.in/website/PDF/regulation/regulation2014/english/appendix4.pdf) ਅਨੁਸਾਰ ਲਗਾਈ ਜਾਵੇ।

ਪ੍ਰੋਗਰਾਮ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਸਮੂਹ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਕਤ ਨਿਯਮਾਂ ਦੇ ਲੜੀ ਨੰ. 4.1 (iii) ਵਿਚ ਦਰਜ "sustained engagement … thereby creating a synergy with schools in the neighbourhood throughout the year" ਅਤੇ "Systematic supervisory support and feedback from faculty" ਸੰਬੰਧੀ ਸੁਝਾਵਾਂ ਦੀ ਪਾਲਣਾ ਹਿਤ ਸਕੂਲ ਇੰਟਰਨਸ਼ਿਪ ਲਗਾਉਣ ਸਮੇਂ ਸੁਨਿਸ਼ਚਿਤ ਕਰਨ ਕਿ ਸਕੂਲ ਦੀ ਸੰਬੰਧਤ ਕਾਲਜ ਤੋ ਦੂਰੀ 25 ਕਿਲੋਮੀਟਰ ਤੋਂ ਵੱਧ ਨਾ ਹੋਵੇ, ਤਾਂ ਜੋ ਸਕੂਲ ਨਾਲ ਲੋੜੀਂਦਾ ਤਾਲਮੇਲ ਕਰਨ ਵਿਚ ਕਠਿਨਾਈ ਪੇਸ਼ ਨਾ ਆਵੇ। ਇਸ ਦੇ ਨਾਲ ਹੀ ਸਕੂਲ ਇੰਟਰਨਸ਼ਿਪ ਲਗਾਉਣ ਵਾਲੇ ਹਰ ਇੱਕ ਵਿਦਿਆਰਥੀ ਦੀ ਰਿਪੋਰਟ ਵਿਚ ਕਲਾਸਰੂਮ ਵਿਖੇ ਲਈਆਂ ਗਈਆਂ Geo-tagged ਫੋਟੋਆਂ ਲਗਾਈਆਂ ਜਾਣ।

ਕਾਲਜਾਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਕਤ ਨਿਯਮਾਂ ਦੇ ਲੜੀ ਨੰ. 4.2 ਵਿਚ Programme Implementation ਸੰਬੰਧੀ ਦਰਜ ਹਦਾਇਤਾਂ ਅਨੁਸਾਰ ਕਾਰਵਾਈ ਕਰਦੇ ਹੋਏ, ਜਿਨ੍ਹਾਂ ਸਕੂਲਾਂ ਵਿਖੇ ਇੰਟਰਨਸ਼ਿਪ / ਸਿਖਲਾਈ ਲਈ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਗਿਆ ਹੈ, ਦੀ ਸੂਚੀ, "Calendar of Activities" ਅਤੇ ਵਿਦਿਆਰਥੀਆਂ / ਫੈਕਲਟੀ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਬਣਾਈ ਗਈ ਵਿਵਸਥਾ ਸੰਬੰਧੀ ਵੇਰਵਾ ਕਾਲਜ ਦੀ ਵੈੱਬਸਾਈਟ 'ਤੇ ਉਪਲਬਧ ਕਰਵਾਉਣ।

ਉਕਤ ਵਿਵਸਥਾਵਾਂ ਸੁਨਿਸ਼ਚਿਤ ਕਰਨ ਵਿਚ ਜੇਕਰ ਕਾਲਜਾਂ ਨੂੰ ਕਿਸੇ ਕਿਸਮ ਦੀ ਕੋਈ ਔਕੜ ਪੇਸ਼ ਆਉਂਦੀ ਹੈ ਤਾਂ ਉਹ ਡੀਨ-ਕਾਲਜ ਵਿਕਾਸ ਕੌਂਸਲ ਦਫਤਰ ਨੂੰ ਸੰਪਰਕ ਕਰ ਸਕਦੇ ਹਨ ਅਤੇ ਉਹਨਾਂ ਨੂੰ ਇਸ ਮੰਤਵ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

23/07/2025

**ਡੀਨ, ਕਾਲਜ ਵਿਕਾਸ ਕੌਂਸਲ**